# ਫਰੈਂਚਾਈਜ਼ੀ ਚੈੱਕਲਿਸਟ

ਬੀ.ਸੀ. ਵਿਚ ਫਰੈਂਚਾਈਜ਼ਡ ਬਿਜ਼ਨਸ ਖਰੀਦਣ ਲਈ ਲੱਭ ਰਹੇ ਹੋ ਅਤੇ ਇਹ ਪੱਕਾ ਪਤਾ ਨਹੀਂ ਹੈ ਕਿ ਕਿੱਥੋਂ ਸ਼ੁਰੂ ਕਰਨਾ ਹੈ ਜਾਂ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ? ਫਰੈਂਚਾਈਜ਼ੀ ਚੈੱਕਲਿਸਟ (ਨਿਸ਼ਾਨ ਲਾਉਣ ਵਾਲੀ ਲਿਸਟ) ਤੁਹਾਨੂੰ ਇਹ ਜਾਣਕਾਰੀ ਦਿੰਦੀ ਹੈ ਕਿ ਤੁਹਾਨੂੰ ਕੀ ਵਿਚਾਰ ਕਰਨਾ ਚਾਹੀਦਾ ਹੈ, ਅਤੇ ਇਸ ਦੇ ਨਾਲ ਨਾਲ, ਸੁਝਾਅ, ਪੁੱਛੇ ਜਾਣ ਵਾਲੇ ਸਵਾਲ ਅਤੇ ਉਨ੍ਹਾਂ ਵਸੀਲਿਆਂ ਨਾਲ ਲਿੰਕ ਪ੍ਰਦਾਨ ਕਰਦੀ ਹੈ ਜਿਹੜੇ ਇਸ ਰਾਹ 'ਤੇ ਤੁਹਾਡੀ ਮਦਦ ਕਰਨਗੇ।

**ਆਪਣਾ ਹੋਮਵਰਕ ਕਰੋ** – ਇਹ ਵਿਚਾਰ ਕਰਨ ਵੇਲੇ ਕਿ ਕੀ ਤੁਹਾਨੂੰ ਕੋਈ ਫਰੈਂਚਾਈਜ਼ ਲੈਣੀ ਚਾਹੀਦੀ ਹੈ ਜਾਂ ਨਹੀਂ, ਇਹ ਪੱਕਾ ਕਰੋ ਕਿ ਤੁਸੀਂ ਪੂਰੀ ਤਰ੍ਹਾਂ ਇਹ ਸਮਝਦੇ ਹੋਵੋ ਕਿ ਤੁਸੀਂ ਕੀ ਲੈ ਰਹੇ ਹੋਵੋਗੇ – ਕਾਮਯਾਬ ਫਰੈਂਚਾਈਜ਼ੀ ਬਣਨ ਲਈ ਖੋਜ ਕਰਨਾ ਤੁਹਾਡਾ ਪਹਿਲਾ ਕਦਮ ਹੈ।

- ☐ ਕਿਸੇ ਖਾਸ **ਫਰੈਂਚਾਈਜ਼** ਨਾਲ **ਫਰੈਂਚਾਈਜ਼ੀ** ਬਣਨ ਵਿਚ ਦਿਲਚਸਪੀ ਦਿਖਾਉ।
- ☐ **ਫਰੈਂਚਾਈਜ਼ਰ** ਨਾਲ ਗੱਲਬਾਤ ਕਰੋ ਅਤੇ **ਫਰੈਂਚਾਈਜ਼** ਨੂੰ ਸਮਝਣ ਵਿਚ ਮਦਦ ਲਈ ਉਨ੍ਹਾਂ ਨ ਸਵਾਲ ਪੁੱਛੋ।

### ਅਰਥ

**ਫਰੈਂਚਾਈਜ਼ੀ** – *ਉਹ ਵਿਅਕਤੀ ਜਿਹੜਾ ਫਰੈਂਚਾਈਜ਼ ਖਰੀਦ ਰਿਹਾ ਹੈ।*

**ਫਰੈਂਚਾਈਜ਼** – *ਫਰੈਂਚਾਈਜ਼ਰ ਇਕ ਫੀਸ ਦੇ ਬਦਲੇ ਵਿਚ ਆਪਣੇ ਟਰੇਡਮਾਰਕ (ਬਰਾਂਡ) ਵਰਤਣ ਦਾ ਹੱਕ ਫਰੈਂਚਾਈਜ਼ੀ ਨੂੰ ਵੇਚਦਾ ਹੈ। ਫਰੈਂਚਾਈਜ਼ਰ ਦੇ ਬਿਜ਼ਨਸ ਸਿਸਟਮ ਦੇ ਹਿੱਸੇ ਵਜੋਂ, ਬਰਾਂਡ ਦੀ ਇਕਸਾਰਤਾ ਦੀ ਪਾਲਣਾ ਕਰਨ ਲਈ ਫਰੈਂਚਾਈਜ਼ਰ, ਫਰੈਂਚਾਈਜ਼ੀ ਨੂੰ ਆਪਣੇ ਮਿਆਰ, ਤਰੀਕੇ, ਕਾਰਜ ਪ੍ਰਣਾਲੀਆਂ, ਤਕਨੀਕਾਂ ਅਤੇ ਪਲੈਨਾਂ ਪ੍ਰਦਾਨ ਕਰਦਾ ਹੈ।*

**ਫਰੈਂਚਾਈਜ਼ਰ** – *ਉਹ ਵਿਅਕਤੀ ਜਿਹੜਾ ਫਰੈਂਚਾਈਜ਼ ਦਾ ਮਾਡਲ (ਜਾਂ ਬਿਜ਼ਨਸ ਸਿਸਟਮ) ਵੇਚ ਰਿਹਾ ਹੈ, ਜਿਹੜਾ ਓਪਰੇਟਿੰਗ ਸਿਸਟਮ ਅਤੇ ਬਰਾਂਡ ਨਾਂ ਨੂੰ ਕੰਟਰੋਲ ਕਰਦਾ ਹੈ ਅਤੇ ਜਿਹੜਾ ਫਰੈਂਚਾਈਜ਼ ਨੂੰ ਮਦਦ ਪ੍ਰਦਾਨ ਕਰਦਾ ਹੈ।*

**ਇਹ ਜਾਣੋ ਕਿ ਇਸ ਵਿਚ ਕੀ ਹੈ** – ਡਿਸਕਲੋਜ਼ਰ ਦੇ ਪੇਪਰ, ਫਰੈਂਚਾਈਜ਼ ਐਗਰੀਮੈਂਟ (ਅਤੇ ਇਸ ਨਾਲ ਸੰਬੰਧਿਤ ਲੀਜ਼ ਦੇ ਐਗਰੀਮੈਂਟ) ਆਮ ਕਰਕੇ ਲੰਬੇ ਕੌਨਟਰੈਕਟਸ ਹੁੰਦੇ ਹਨ, ਇਹ ਪੱਕਾ ਕਰੋ ਕਿ ਤੁਸੀਂ ਆਪਣੀ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ।

- ☐ ਫਰੈਂਚਾਈਜ਼ਰ ਤੋਂ **ਡਿਸਕਲੋਜ਼ਰ ਡਾਕੂਮੈਂਟ** ਦੀ ਕਾਪੀ ਲਉ ਅਤੇ ਇਸ ਨੂੰ ਪੂਰਾ ਪੜ੍ਹੋ।
- ☐ ਡਿਸਕਲੋਜ਼ਰ ਡਾਕੂਮੈਂਟ ਵਿਚ ਸਿਸਟਮ ਦੇ ਸਾਰੇ ਮੌਜੂਦਾ ਅਤੇ ਪੁਰਾਣੇ ਫਰੈਂਚਾਈਜ਼ੀਜ਼ ਨਾਲ ਸੰਪਰਕ ਕਰਨ ਦੀ ਜਾਣਕਾਰੀ ਦੀ ਲਿਸਟ ਹੋਣੀ ਚਾਹੀਦੀ ਹੈ।
- ☐ ਹੋਰ ਫਰੈਂਚਾਈਜ਼ੀਜ਼ ਨਾਲ ਗੱਲ ਕਰੋ ਅਤੇ ਇਹ ਸਮਝਣ ਵਿਚ ਮਦਦ ਲਈ ਉਨ੍ਹਾਂ ਤੋਂ ਸਵਾਲ ਪੁੱਛੋ ਕਿ ਫਰੈਂਚਾਈਜ਼ ਦੇ ਮਾਲਕ ਬਣਨਾ ਕਿਸ ਤਰ੍ਹਾਂ ਹੈ।
- ☐ ਡਿਸਕਲੋਜ਼ਰ ਡਾਕੂਮੈਂਟ **ਫਰੈਂਚਾਈਜ਼ ਦੇ ਐਗਰੀਮੈਂਟ** ਵਿਚ ਹੁੰਦਾ ਹੈ।
- ☐ ਆਪਣੀ ਲੀਜ਼ 'ਤੇ ਵਿਚਾਰ ਕਰੋ।

**ਸੁਝਾਅ**
ਵਿਸਥਾਰ ਵਿਚ ਉਹ ਸ਼ਰਤਾਂ ਜਿਹੜੀਆਂ ਡਿਸਕਲੋਜ਼ਰ ਡਾਕੂਮੈਂਟ ਵਿਚ ਸ਼ਾਮਲ ਕੀਤੀਆਂ ਜਾਣੀਆਂ ਜ਼ਰੂਰੀ ਹਨ, **ਫਰੈਂਚਾਈਜ਼ਿਸ ਰੈਗੂਲੇਸ਼ਨ** ਵਿਚ ਦੱਸੀਆਂ ਗਈਆਂ ਹਨ।

**ਸੁਝਾਅ**
ਫਰੈਂਚਾਈਜ਼ ਦੇ ਪਿਛੋਕੜ ਬਾਰੇ ਜਾਣਕਾਰੀ ਦੇ ਨਾਲ ਨਾਲ, ਡਿਸਕਲੋਜ਼ਰ ਡਾਕੂਮੈਂਟ ਵਿਚ ਅਜਿਹੇ ਮਜ਼ਮੂਨ ਵੀ ਸ਼ਾਮਲ ਹੋ ਸਕਦੇ ਹਨ:
- ਫਰੈਂਚਾਈਜ਼ ਸਥਾਪਤ ਕਰਨ ਦੇ ਖਰਚੇ
- ਦਿੱਤੀ ਜਾਣ ਵਾਲੀ ਟਰੇਨਿੰਗ ਅਤੇ ਮਦਦ
- ਫਰੈਂਚਾਈਜ਼ਰ ਦੀਆਂ ਵਿੱਤੀ ਸਟੇਟਮੈਂਟਾਂ

**ਸੁਝਾਅ**
ਯਾਦ ਰੱਖੋ ਕਿ ਤੁਸੀਂ ਸਿਰਫ ਉਹ ਖਰੀਦ ਰਹੇ ਹੋ ਜੋ ਫਰੈਂਚਾਈਜ਼ ਐਗਰੀਮੈਂਟ ਦੇ ਵਿਚ ਹੈ, ਇਸ ਕਰਕੇ ਡਾਕੂਮੈਂਟ ਨੂੰ ਚੰਗੀ ਤਰ੍ਹਾਂ ਪੜ੍ਹੋ।

**ਸੁਝਾਅ**
ਚੈੱਕ ਕਰਨ ਵਾਲੀਆਂ ਕੁਝ ਚੀਜ਼ਾਂ ਇਹ ਹਨ:
- ਫਰੈਂਚਾਈਜ਼ ਕਿੰਨੇ ਸਮੇਂ ਲਈ ਦਿੱਤੀ ਗਈ ਹੈ?
- ਕੀ ਤੁਹਾਨੂੰ ਕੋਈ ਖਾਸ ਇਲਾਕਾ ਦਿੱਤਾ ਗਿਆ ਹੈ? ਜੇ ਹਾਂ ਤਾਂ ਇਹ ਕਿਹੜਾ ਹੈ?
- ਕੀ ਤੁਹਾਡੇ ਕੋਲ ਨਵਿਆਉਣ ਦੇ ਹੱਕ ਹਨ? ਜੇ ਅਜਿਹਾ ਹੈ ਤਾਂ ਉਹ ਕਿੰਨੇ ਸਮੇਂ ਲਈ ਹਨ ਅਤੇ ਇਹ ਕਿਵੇਂ ਸ਼ੁਰੂ ਹੁੰਦੇ ਹਨ?
- ਕੀ ਫਰੈਂਚਾਈਜ਼ਰ ਨੇ ਟਰੇਨਿੰਗ ਦੇਣ ਦਾ ਵਾਅਦਾ ਕੀਤਾ ਹੈ? ਖਰਚਾ ਕੌਣ ਦਿੰਦਾ ਹੈ?

**ਸੁਝਾਅ**
ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਇਕਰਾਰਨਾਮੇ ਜਾਂ ਐਗਰੀਮੈਂਟ 'ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਸਾਰੇ ਡਾਕੂਮੈਂਟਸ ਬਾਰੇ ਕਿਸੇ ਵਕੀਲ (ਤਰਜੀਹੀ ਤੌਰ 'ਤੇ ਜਿਹੜਾ ਫਰੈਂਚਾਈਜ਼ ਵਿਚ ਮੁਹਾਰਤ ਰੱਖਦਾ ਹੋਵੇ) ਨਾਲ ਵਿਚਾਰ ਕਰੋ।

### ਅਰਥ

**ਡਿਸਕਲੋਜ਼ਰ ਡਾਕੂਮੈਂਟ** – *ਇਸ ਵਿਚ ਉਹ ਸਾਰੀ ਲੋੜੀਂਦੀ ਜਾਣਕਾਰੀ ਹੁੰਦੀ ਹੈ ਜਿਹੜੀ ਫਰੈਂਚਾਈਜ਼ਰ ਲਈ ਫਰੈਂਚਾਈਜ਼ ਅਤੇ ਆਪਣੇ ਬਿਜ਼ਨਸ ਦੇ ਪਿਛੋਕੜ ਬਾਰੇ ਜ਼ਾਹਰ ਕਰਨੀ ਜ਼ਰੂਰੀ ਹੁੰਦੀ ਹੈ, ਅਤੇ ਇਸ ਦੇ ਨਾਲ ਕੋਈ ਵੀ ਉਹ ਚੀਜ਼ ਹੁੰਦੀ ਹੈ ਜਿਹੜੀ ਸੰਭਾਵੀ ਫਰੈਂਚਾਈਜ਼ੀ ਵਲੋਂ ਫਰੈਂਚਾਈਜ਼ ਲੈਣ ਦੇ ਫੈਸਲੇ 'ਤੇ ਮਹੱਤਵਪੂਰਨ ਅਸਰ ਪਾਵੇਗੀ।*

**ਫਰੈਂਚਾਈਜ਼ ਐਗਰੀਮੈਂਟ** – *ਇਹ ਉਹ ਕੌਂਟਰੈਕਟ ਹੈ ਜਿਹੜਾ ਫਰੈਂਚਾਈਜ਼ਰ ਅਤੇ ਫਰੈਂਚਾਈਜ਼ੀ ਨੇ ਕੀਤਾ ਹੈ ਜਿਹੜਾ ਫਰੈਂਚਾਈਜ਼ ਦੇ ਸਮੇਂ ਦੌਰਾਨ ਉਨ੍ਹਾਂ ਦੇ ਸਬੰਧ ਨੂੰ ਚਲਾਉਂਦਾ ਹੈ।*

[Punjabi]

*ਭਾਵੇਂ ਕਿ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕੀਤੀ ਗਈ ਹੈ ਕਿ ਚੈੱਕਲਿਸਟ ਵਿਚਲੀ ਜਾਣਕਾਰੀ ਤਾਜ਼ਾ ਅਤੇ ਵਿਆਪਕ ਹੋਵੇ, ਕੋਈ ਫਰੈਂਚਾਈਜ਼ ਐਗਰੀਮੈਂਟ ਕਰਨ ਤੋਂ ਪਹਿਲਾਂ ਫਰੈਂਚਾਈਜ਼ੀ ਦੇ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਕਾਨੂੰਨੀ ਫਰਜ਼ਾਂ ਬਾਰੇ ਸਾਰੀ ਜਾਣਕਾਰੀ ਲੈਣ, ਪੜ੍ਹਣ ਅਤੇ ਸਮਝਣ ਦੀ ਜ਼ਿੰਮੇਵਾਰੀ ਤੁਹਾਡੀ ਹੀ ਹੈ।*

**ਆਪਣੇ ਹੱਕ ਜਾਣੋ –** ਫਰੈਂਚਾਈਜ਼ ਦਾ ਕਾਨੂੰਨ ਗੁੰਝਲਦਾਰ ਹੈ ਅਤੇ ਇਹ ਕੈਨੇਡਾ ਦੇ ਹਰ ਸੂਬੇ ਅਤੇ ਟੈਰੀਟਰੀ ਵਿਚ ਵੱਖ ਵੱਖ ਹੈ।

- [ ] ਆਪਣੇ ਆਪ ਨੂੰ ਬੀ.ਸੀ. ***ਫਰੈਂਚਾਈਜ਼ਿਸ ਐਕਟ*** ਤੋਂ ਜਾਣੂ ਕਰਵਾਉ।

***ਫਰੈਂਚਾਈਜ਼ਿਸ ਐਕਟ*** – ਬੀ.ਸੀ. ਵਿਚ ਫਰੈਂਚਾਈਜ਼ਡ ਬਿਜ਼ਨਸਾਂ ਦੀ ਨਿਗਰਾਨੀ ਕਰਦਾ ਹੈ ਅਤੇ ਫਰੈਂਚਾਈਜ਼ ਚਲਾਉਣ ਵਾਲੇ ਬੀ.ਸੀ. ਦੇ ਫਰੈਂਚਾਈਜ਼ੀਜ਼ ਨੂੰ ਮਹੱਤਵਪੂਰਨ ਕਾਨੂੰਨੀ ਹਿਫਾਜ਼ਤ ਪ੍ਰਦਾਨ ਕਰਦਾ ਹੈ।

**ਸੁਝਾਅ**
ਜੇ ਤੁਹਾਡਾ ਆਪਣੇ ਫਰੈਂਚਾਈਜ਼ਰ ਨਾਲ ਝਗੜਾ ਹੋ ਜਾਵੇ ਤਾਂ ਐਕਟ ਫਰੈਂਚਾਈਜ਼ੀਜ਼ ਨੂੰ ਕਾਨੂੰਨੀ ਹੱਕ ਅਤੇ ਹਿਫਾਜ਼ਤਾਂ ਪ੍ਰਦਾਨ ਕਰਦਾ ਹੈ ਜਿਹੜੇ ਬੀ ਸੀ ਵਿਚ ਉਨ੍ਹਾਂ ਕੋਲ ਪਹਿਲਾਂ ਨਹੀਂ ਸਨ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਇਹ ਮੰਗ ਕਰਨਾ ਕਿ ਕੌਂਟਰੈਕਟਾਂ ਵਿਚ ਵਿਕਰੀ ਤੋਂ ਪਹਿਲਾਂ ਡਿਸਕਲੋਜ਼ਰ ਦੀਆਂ ਸ਼ਰਤਾਂ ਸ਼ਾਮਲ ਹਨ;
- ਆਪਣੇ ਝਗੜਿਆਂ ਦੇ ਹੱਲ ਕਰਨ ਵਿਚ ਦੋਨੋਂ ਧਿਰਾਂ ਦੀ ਮਦਦ ਕਰਨ ਲਈ ਕਾਨੂੰਨੀ ਹੱਕ ਅਤੇ ਹਿਫਾਜ਼ਤਾਂ ਪ੍ਰਦਾਨ ਕਰਨਾ; ਅਤੇ
- ਇਹ ਮੰਗ ਕਰਨਾ ਕਿ ਝਗੜਿਆਂ ਦੀ ਸੁਣਵਾਈ ਬੀ.ਸੀ. ਵਿਚ ਹੋਵੇ।

**ਵਿਚਾਰਨ ਵਾਲੀਆਂ ਚੀਜ਼ਾਂ –** ਜਦੋਂ ਤੁਸੀਂ ਫਰੈਂਚਾਈਜ਼ ਐਗਰੀਮੈਂਟ 'ਤੇ ਦਸਖਤ ਕਰ ਦਿੰਦੇ ਹੋ ਜਾਂ ਫਰੈਂਚਾਈਜ਼ਰ ਨੂੰ ਪੈਸੇ ਦੇ ਦਿੰਦੇ ਹੋ ਤਾਂ ਤੁਸੀਂ ਫਰੈਂਚਾਈਜ਼ੀ ਬਣ ਜਾਂਦੇ ਹੋ। ਇਸ ਦੇ ਨਾਲ ਜ਼ਿੰਮੇਵਾਰੀਆਂ ਅਤੇ ਬਿਜ਼ਨਸ ਦੇ ਮਾਲਕ ਵਜੋਂ ਵਿਚਾਰਨ ਵਾਲੀਆਂ ਚੀਜ਼ਾਂ ਵੀ ਆਉਂਦੀਆਂ ਹਨ।

**ਬਿਜ਼ਨਸ ਦੀ ਪਲੈਨਿੰਗ ਵਿਚ ਵਿਚਾਰਨ ਵਾਲੀਆਂ ਕੁਝ ਚੀਜ਼ਾਂ ਵਿਚ ਇਹ ਸ਼ਾਮਲ ਹਨ:**

- ਉਨ੍ਹਾਂ ਹੁਨਰਾਂ ਜਾਂ ਟਰੇਨਿੰਗ ਦੀ ਪਛਾਣ ਕਰੋ ਜਿਨ੍ਹਾਂ ਦੀ ਤੁਹਾਨੂੰ ਫਰੈਂਚਾਈਜ਼ ਖਰੀਦਣ ਤੋਂ ਪਹਿਲਾਂ ਲੋੜ ਹੋ ਸਕਦੀ ਹੈ।
- ਅਕਾਊਂਟਿੰਗ, ਸਥਾਨਕ ਮਾਰਕੀਟਿੰਗ, ਸਟਾਫ ਰੱਖਣ ਅਤੇ ਬਿਜ਼ਨਸ ਚਲਾਉਣ ਦੇ ਹੋਰ ਪ੍ਰਬੰਧਕੀ ਪੱਖਾਂ ਵੱਲ ਧਿਆਨ ਦਿਉ।
- ਬਿਜ਼ਨਸ ਵਿਚ ਆਪ ਹੱਥੀਂ ਕੰਮ ਕਰਕੇ ਆਪਣਾ ਸਮਾਂ ਲਗਾਉ, ਖਾਸ ਕਰਕੇ ਸ਼ੁਰੂ ਦੇ ਪੜਾ ਦੌਰਾਨ ਤਾਂ ਜੋ ਫਰੈਂਚਾਈਜ਼ ਚਲਾਉਣ ਦੇ ਪੱਖ ਦੀ ਪੂਰੀ ਤਰ੍ਹਾਂ ਸਮਝ ਆ ਜਾਵੇ।

**ਸੁਝਾਅ**
ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਇਕਰਾਰਨਾਮੇ ਜਾਂ ਐਗਰੀਮੈਂਟ 'ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਸਾਰੇ ਡਾਕੂਮੈਂਟਸ ਬਾਰੇ ਕਿਸੇ ਵਕੀਲ (ਤਰਜੀਹੀ ਤੌਰ 'ਤੇ ਜਿਹੜਾ ਫਰੈਂਚਾਈਜ਼ ਵਿਚ ਮੁਹਾਰਤ ਰੱਖਦਾ ਹੋਵੇ) ਨਾਲ ਵਿਚਾਰ ਕਰੋ।

**ਸੁਝਾਅ**
ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਇਕਰਾਰਨਾਮੇ ਜਾਂ ਐਗਰੀਮੈਂਟ 'ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਕਿਸੇ ਵਿੱਤੀ ਮਾਹਰ ਤੋਂ ਸਲਾਹ ਲਉ।

## ਵਸੀਲੇ

SMALL BUSINESS BC

ਸਮਾਲ ਬਿਜ਼ਨਸ ਬੀ ਸੀ, ਬਿਜ਼ਨਸ ਦੀ ਪਲੈਨਿੰਗ, ਵਿੱਤੀ ਮਾਮਲਿਆਂ, ਰਜਿਸਟਰੇਸ਼ਨ ਅਤੇ ਬੀ.ਸੀ. ਵਿਚ ਕੋਈ ਬਿਜ਼ਨਸ ਸ਼ੁਰੂ ਕਰਨ ਅਤੇ ਇਸ ਨੂੰ ਵਧਾਉਣ ਨਾਲ ਸੰਬੰਧਿਤ ਹੋਰ ਵਿਸ਼ਿਆਂ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

Community Futures

ਕਮਿਊਨਟੀ ਫਿਊਚਰਜ਼ ਬਿਜ਼ਨਸ ਦੀਆਂ ਵੱਖ ਵੱਖ ਸੇਵਾਵਾਂ ਦਿੰਦਾ ਹੈ – ਬੀ.ਸੀ. ਵਿਚ 34 ਦਫਤਰ ਹਨ ਜਿਹੜੇ ਨਵੇਂ ਅਤੇ ਮੌਜੂਦਾ ਬਿਜ਼ਨਸਾਂ ਲਈ ਸਲਾਹ-ਮਸ਼ਵਰਾ ਅਤੇ ਮਦਦ ਪੇਸ਼ ਕਰਦੇ ਹਨ।

BRITISH COLUMBIA

ਬੀ.ਸੀ. ਵਿਚ ਬਿਜ਼ਨਸ ਸ਼ੁਰੂ ਕਰਨ ਬਾਰੇ ਹੋਰ ਜਾਣਕਾਰੀ ਲੱਭ ਰਹੇ ਹੋ – ਬੀ.ਸੀ. ਸਰਕਾਰ ਦੇ ਅੱਗੇ ਦਿੱਤੇ ਵਸੀਲੇ, ਜਿਨ੍ਹਾਂ ਵਿਚ ਅਨੁਵਾਦ ਹੋਈਆਂ ਗਾਈਡਾਂ ਵੀ ਸ਼ਾਮਲ ਹਨ, ਸਹੀ ਸੇਧ ਵੱਲ ਜਾਣ ਵਿਚ ਤੁਹਾਡੀ ਮਦਦ ਕਰਨਗੇ।

WorkBC

ਵਰਕ ਬੀ ਸੀ, ਬੀ.ਸੀ. ਦੀ ਲੇਬਰ ਮਾਰਕੀਟ ਦਾ ਕਾਮਯਾਬੀ ਨਾਲ ਪਤਾ ਲਾਉਣ, ਆਪਣੇ ਮੁਲਾਜ਼ਮਾਂ ਦਾ ਪ੍ਰਬੰਧ ਕਰਨ ਅਤੇ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਵਿਚ ਵਿਚ ਤੁਹਾਡੀ ਮਦਦ ਕਰੇਗਾ।

*ਭਾਵੇਂ ਕਿ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕੀਤੀ ਗਈ ਹੈ ਕਿ ਚੈੱਕਲਿਸਟ ਵਿਚਲੀ ਜਾਣਕਾਰੀ ਤਾਜ਼ਾ ਅਤੇ ਵਿਆਪਕ ਹੋਵੇ, ਕੋਈ ਫਰੈਂਚਾਈਜ਼ ਐਗਰੀਮੈਂਟ ਕਰਨ ਤੋਂ ਪਹਿਲਾਂ ਫਰੈਂਚਾਈਜ਼ੀ ਦੇ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਕਾਨੂੰਨੀ ਫਰਜ਼ਾਂ ਬਾਰੇ ਸਾਰੀ ਜਾਣਕਾਰੀ ਲੈਣ, ਪੜ੍ਹਨ ਅਤੇ ਸਮਝਣ ਦੀ ਜ਼ਿੰਮੇਵਾਰੀ ਤੁਹਾਡੀ ਹੀ ਹੈ।*